BC Health Regulators

*Our Purpose, Your Safety*

ਰੈਗੂਲੇਟਰੀ ਕਾਲਜ

- College of Chiropractors of BC
- College of Dental Hygienists of BC
- College of Dental Surgeons of BC
- College of Dental Technicians of BC
- College of Denturists of BC
- College of Dieticians of BC
- College of Licensed Practical Nurses of BC
- College of Massage Therapists of BC
- College of Midwives of BC
- College of Naturopathic Physicians of BC
- College of Occupational Therapists of BC
- College of Opticians of BC
- College of Optometrists of BC
- College of Pharmacists of BC
- College of Physical Therapists of BC
- College of Physicians and Surgeons of BC
- College of Podiatric Surgeons of BC
- College of Psychologists of BC
- College of Registered Nurses of BC
- College of Registered Psychiatric Nurses of BC
- College of Social Workers of BC
- College of Speech and Hearing Health Professionals of BC
- College of Traditional Chinese Medicine Practitioners and Acupuncturists of BC

## ਜੇ ਤੁਹਾਨੂੰ ਕੋਈ ਸਮੱਸਿਆ ਹੋਵੇ

ਜੇ ਕਿਸੇ ਸਿਹਤ ਮਾਹਰ ਦੇ ਵਤੀਰੇ ਬਾਰੇ ਤੁਸੀਂ ਫਿਕਰਮੰਦ ਹੋਵੋ ਤਾਂ ਤੁਹਾਨੂੰ ਜਿਹੜੀ ਪਹਿਲੀ ਚੀਜ਼ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਉਹ, ਉਸ ਵਿਅਕਤੀ ਨਾਲ ਸਮੱਸਿਆ ਬਾਰੇ ਗੱਲ ਕਰਨਾ ਹੈ; ਅਕਸਰ ਗਲਤਫਹਿਮੀ ਜਾਂ ਮਾੜੀ ਗੱਲਬਾਤ ਕਰਕੇ ਔਖਿਆਈਆਂ ਪੈਦਾ ਹੋ ਜਾਂਦੀਆਂ ਹਨ। ਜੇ ਤੁਸੀਂ ਅਜੇ ਵੀ ਸੰਤੁਸ਼ਟ ਨਾ ਹੋਵੋ ਅਤੇ ਉਹ ਸਿਹਤ ਮਾਹਰ ਹਸਪਤਾਲ ਵਰਗੀ ਕਿਸੇ ਏਜੰਸੀ ਨਾਲ ਕੰਮ ਕਰਦਾ ਹੋਵੇ ਤਾਂ ਤੁਸੀਂ ਏਜੰਸੀ ਦੇ ਇਨਚਾਰਜ ਵਿਅਕਤੀ ਨਾਲ ਗੱਲ ਕਰ ਸਕਦੇ ਹੋ। ਜੇ ਕੋਈ ਏਜੰਸੀ ਸ਼ਾਮਲ ਨਾ ਹੋਵੇ, ਜਾਂ ਜੇ ਇਹ ਤੁਹਾਡੀ ਸਮੱਸਿਆ ਵਿਚ ਮਦਦ ਨਾ ਕਰ ਸਕਦੀ ਹੋਵੇ ਤਾਂ ਤੁਸੀਂ ਨਿਯਮ ਬਣਾਉਣ ਵਾਲੀ ਸੰਬੰਧਿਤ ਸੰਸਥਾ ਨਾਲ ਸੰਪਰਕ ਕਰ ਸਕਦੇ ਹੋ। ਇਹ ਸੰਸਥਾ ਉਨ੍ਹਾਂ ਮਿਆਰਾਂ ਬਾਰੇ ਤੁਹਾਨੂੰ ਜਾਣਕਾਰੀ ਦੇ ਸਕਦੀ ਹੈ ਜਿਨ੍ਹਾਂ ਦੀ ਤੁਸੀਂ ਇਲਾਜ ਦੇ ਦੌਰਾਨ ਉਮੀਦ ਰੱਖ ਸਕਦੇ ਹੋ ਅਤੇ ਇਹ ਦੱਸ ਸਕਦੀ ਹੈ ਕਿ ਜੇ ਇਹ ਮਿਆਰ ਪੂਰੇ ਨਾ ਕੀਤੇ ਜਾ ਰਹੇ ਹੋਣ ਤਾਂ ਕੀ ਕੀਤਾ ਜਾ ਸਕਦਾ ਹੈ।

## ਨਿਯਮ ਬਣਾਉਣ ਵਾਲੀ ਸੰਸਥਾ ਕੀ ਕਰ ਸਕਦੀ ਹੈ

ਨਿਯਮ ਬਣਾਉਣ ਵਾਲੀ ਸੰਸਥਾ ਆਪਣੇ ਕਿਸੇ ਮੈਂਬਰ ਬਾਰੇ ਸ਼ਿਕਾਇਤ ਮਿਲਣ `ਤੇ ਕਾਰਵਾਈ ਕਰ ਸਕਦੀ ਹੈ। ਇਸ ਵਿਚ ਪੂਰੀ ਤਰ੍ਹਾਂ ਪੜਤਾਲ ਕਰਨਾ, ਅਤੇ ਜੇ ਲੋੜ ਹੋਵੇ ਤਾਂ ਇਨਕੁਆਰੀ ਕਰਨਾ ਸ਼ਾਮਲ ਹੋ ਸਕਦੇ ਹਨ। ਜੇ ਇਹ ਪਤਾ ਲੱਗਦਾ ਹੈ ਕਿ ਉਸ ਮਾਹਰ ਨੇ ਗਲਤ ਵਰਤਾਉ ਕੀਤਾ ਹੈ ਤਾਂ ਸੰਸਥਾ ਉਸ ਨੂੰ ਤਾੜ ਸਕਦੀ ਹੈ, ਮਦਦ ਦਾ ਨਿਗਰਾਨੀ ਵਾਲਾ ਪ੍ਰੋਗਰਾਮ ਲੈਣ ਦੀ ਮੰਗ ਕਰ ਸਕਦੀ ਹੈ, ਜਾਂ ਉਸ ਦੇ ਪ੍ਰੈਕਟਿਸ ਕਰਨ ਦੇ ਹੱਕ ਨੂੰ ਸਸਪੈਂਡ ਜਾਂ ਖਤਮ ਕਰ ਸਕਦੀ ਹੈ। ਕੁਝ ਸੰਸਥਾਵਾਂ ਜੁਰਮਾਨਾ ਵੀ ਕਰਦੀਆਂ ਹਨ।

## ਨਿਯਮ ਬਣਾਉਣ ਵਾਲੀ ਸੰਸਥਾ ਕੀ ਨਹੀਂ ਕਰ ਸਕਦੀ ਹੈ

ਉਨ੍ਹਾਂ ਕੋਲ ਹੋਏ ਕਿਸੇ ਨੁਕਸਾਨ ਲਈ ਹਰਜਾਨੇ ਦਾ ਆਰਡਰ ਕਰਨ ਦਾ ਹੱਕ ਨਹੀਂ ਹੈ। ਉਹ ਇਹ ਆਦੇਸ਼ ਨਹੀਂ ਦੇ ਸਕਦੇ ਕਿ ਕੋਈ ਏਜੰਸੀ ਆਪਣੇ ਮਾਹਰ ਦੀ ਕਿਸ ਤਰ੍ਹਾਂ ਨਿਗਰਾਨੀ ਕਰੇ ਜਾਂ ਕਿਸ ਤਰ੍ਹਾਂ ਅਨੁਸਾਸ਼ਨੀ ਕਾਰਵਾਈ ਕਰੇ।

## ਸ਼ਿਕਾਇਤ ਕਰਨਾ

ਜੇ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋਵੋ ਤਾਂ ਨਿਯਮ ਬਣਾਉਣ ਵਾਲੀਆਂ ਢੁਕਵੀਂਆਂ ਸੰਸਥਾਵਾਂ ਨਾਲ ਗੱਲ ਕਰੋ। ਉਹ ਤੁਹਾਨੂੰ ਸਲਾਹ ਦੇ ਸਕਦੇ ਹਨ। ਤੁਹਾਨੂੰ ਆਪਣੀ ਸ਼ਿਕਾਇਤ ਲਿਖਤੀ ਰੂਪ ਵਿਚ ਕਰਨ ਲਈ ਕਿਹਾ ਜਾ ਸਕਦਾ ਹੈ ਅਤੇ ਉਸ ਮਾਹਰ ਦਾ ਨਾਂ ਦੱਸਣ ਲਈ ਅਤੇ ਇਹ ਦੱਸਣ ਲਈ ਕਿਹਾ ਜਾ ਸਕਦਾ ਹੈ ਕਿ ਉਹ ਕਿੱਥੇ ਕੰਮ ਕਰਦਾ/ਕਰਦੀ ਹੈ, ਜਿਸ ਚੀਜ਼ ਬਾਰੇ ਸ਼ਿਕਾਇਤ ਕੀਤੀ ਗਈ ਹੈ ਉਸ ਦੇ ਵੇਰਵੇ ਦੇਣ ਲਈ, ਅਤੇ ਹਿਮਾਇਤ ਵਿਚ ਉਪਲਬਧ ਡਾਕੂਮੈਂਟਸ ਦੇਣ ਲਈ ਕਿਹਾ ਜਾ ਸਕਦਾ ਹੈ। ਤੁਹਾਨੂੰ ਆਪਣੀ ਪਛਾਣ ਵੀ ਦੱਸਣੀ ਚਾਹੀਦੀ ਹੈ ਤਾਂ ਜੋ ਮਾਮਲੇ ਦੀ ਪੂਰੀ ਤਰ੍ਹਾਂ ਪੜਤਾਲ ਕੀਤੀ ਜਾ ਸਕੇ। ਜੇ ਤੁਸੀਂ ਨਿਯਮ ਬਣਾਉਣ ਵਾਲੀ ਸੰਸਥਾ ਵਲੋਂ ਚੁੱਕੇ ਗਏ ਕਦਮਾਂ ਤੋਂ ਸੰਤੁਸ਼ਟ ਨਾ ਹੋਵੋ ਤਾਂ ਤੁਸੀਂ ਉਨ੍ਹਾਂ ਦੀ ਵੱਖ ਵੱਖ ਸਾਧਨਾਂ ਰਾਹੀਂ ਅਪੀਲ ਕਰਨ ਦੇ ਯੋਗ ਹੋ ਸਕਦੇ ਹਨ ਜਿਨ੍ਹਾਂ ਵਿਚ ਹੈਲਥ ਪ੍ਰੋਫੈਸ਼ਨਜ਼ ਰਿਵੀਊ ਬੋਰਡ, ਓਮਬਡਜ਼ਪਰਸਨ, ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਸ਼ਾਮਲ ਹਨ।